ਕਵੀ ਚੂੜਾਮਣੀ ਭਾਈ ਸੰਤੋਖ ਸਿੰਘ ਜੀ ਰਚਿਤ

# ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ

## ਸਟੀਕ

ਭਾਗ ਦਸਵਾਂ

ਡਾ. ਅਜੀਤ ਸਿੰਘ ਔਲਖ

ਨਮਸਕਾਰ, ਮੂਰਤਧਾਰੀ ਨੂੰ ਨਮਸਕਾਰ, ਲਛਮੀ ਦੇ ਪਤੀ ਨੂੰ ਨਮਸਕਾਰ, ਤ੍ਰਿਲੋਕੀ ਦੇ ਨਾਥ ਨੂੰ ਨਮਸਕਾਰ, ਨਾਸ਼ ... ਨੂੰ ਨਮਸਕਾਰ, ਜਗਤ ਦੇ ਈਸ਼ ਨੂੰ ਨਮਸਕਾਰ, ਨਿਰਾਕਾਰ ਨੂੰ ਨਮਸਕਾਰ, ਨਿੱਤ ਈਸ਼ਵਰ ਨੂੰ ਨਮਸਕਾਰ, ਇਕ ਵਾਕ ... ਉਚਾਰਨ ਵਾਲੇ ਨੂੰ ਨਮਸਕਾਰ, ਨਾਸ਼ ਕਰਤਾ ਨੂੰ ਨਮਸਕਾਰ, ਓਅੰਕਾਰ ਰੂਪ ਨੂੰ ਨਮਸਕਾਰ, ਹਰ ਪਦ ਦੇ ਉਚਾਰਨ ... ਅਹੂਤੀ ਦੇਣ ਵਾਲੇ ਨੂੰ ਨਮਸਕਾਰ, ਸਿੱਖਾਂ ਨੂੰ ਸੁਖ ਦੇਣ ਵਾਲੇ ਗੁਰੂ ਨਾਨਕ ਦੇਵ ਜੀ ਨੂੰ ਨਮਸਕਾਰ॥੩੩॥

ਦੋਹਰਾ- **ਅੱਖਰ ਛੱਤੀਸ ਪੰਚ ਪੁਨ ਪੱਚੀ ਤੱਤ ਸੁਜਾਨ।**
**ਗੁਰ ਪ੍ਰਸਾਦਿ ਪਢਿ ਅੰਗ੍ਰ ਤ੍ਰੈ ਲਖਹੁ ਸਿੱਖ ਬੁਧਿਵਾਨ॥ ੪੩॥**

ਹੇ ਸੁਜਾਨ! ਸਿਧਾਂਤ ਦੀ ਗੱਲ ਇਹ ਹੈ ਕਿ ਪੰਜ, ਪੰਝੀ ਤੇ ਛੱਤੀ ਅੱਖਰਾਂ ਦੇ ਜੋ ਮੰਤਰ ਹਨ, ਇਨ੍ਹਾਂ ਤਿੰਨਾਂ ਦੇ ... ਗੁਰਪ੍ਰਸਾਦਿ ਪੜ੍ਹੋ, ਹੇ ਬੁਧੀਵਾਨ ਸਿੱਖੋ ਇਸ ਨੂੰ ਸਮਝੋ॥੪੩॥

**ਅਰੁ ਲਿਖਿਬੇ ਮੈਂ ਬਰਨ ਅਠ, ਪਾਂਚ ਪ੍ਰਾਣ ਕੇ ਮਾਂਝ।**
**ਪੱਚੀਸਭਿ ਵਿਵਹਾਰ ਮੇਂ ਛੱਤੀਸ ਲਖਿ ਗੁਨ ਸਾਂਝ॥ ੪੪॥**

ਅਤੇ ਲਿਖਣ ਵਿਚ ਅਠ ਅੱਖਰ ਲਿਖੋ ਭਾਵ ਚਿੱਠੀ ਪੋਥੀ ਦੇ ਆਰੰਭ ਵਿਚ '੧ੴ ਸਤਿਗੁਰ ਪ੍ਰਸਾਦਿ' ਲਿਖੋ. ... ਜਪਣ ਲਈ ਪ੍ਰਾਣਾਂ ਵਿਚ ਪੰਜ ਅੱਖਰਾ ਨਾਮ ਧਾਰਨ ਕਰੋ, '੧ੴ ਸਤਿਨਾਮ' ਹੋਰ ਸਾਰੇ ਵਿਹਾਰਾਂ ਵਿਚ ਪੰਝੀ ਅੱਖਰਾਂ ਦੇ ... ਗੁਣਾਂ ਦੇ ਧਾਰਨ ਲਈ ਛੱਤੀ ਅੱਖਰੇ ਮੰਤਰ ਦਾ ਜਾਪ ਕਰੋ॥੪੪॥

**ਛੱਤੀਸ ਲਾਖ ਆਹੂਤਿ ਦੇ ਮੁਕਤਿ ਹੋਇ ਤਤਕਾਲ।**
**ਜਪ ਤੇ ਆਤਮ ਸ਼ੁੱਧ ਹੁਇ ਮਾਰਜਨ ਦੂਖਨ ਟਾਲ॥ ੪੫॥**

ਮੁਕਤੀ ਵਾਸਤੇ ਇਸ ਦੀਆਂ ਛੱਤੀ ਲੱਖ ਅਹੂਤੀਆਂ ਦੇਵੋ, ਤੁਰਤ ਮੁਕਤੀ ਪ੍ਰਾਪਤ ਹੋਵੇਗੀ। ਜਾਪ ਨਾਲ ਆਤਮਾ ... ਹੋਵੇਗੀ ਤੇ ਜੇ ਪਾਣੀ ਉੱਤੇ ਮੰਤਰ ਮਾਰ ਕੇ ਛਿੜਕੇ ਤਾਂ ਦੂਖਣ ਟਲਣਗੇ॥੪੫॥

**ਪ੍ਰਥਮ ਸਲੋਕ ਜਪੁ ਕੋ ਭਲੋ ਤਿਸ ਕੀ ਬਿਧਿ ਕਹਿ ਦੀਨ।**
**ਆਗੈ ਸਭਿ ਪੌੜੀਨ ਕੋ ਕਹੈਂ ਸੁ ਸੁਨਹੁ ਪ੍ਰਬੀਨ॥ ੪੬॥**

ਜਪੁਜੀ ਸਾਹਿਬ ਦੇ ਪਹਿਲੇ ਸਲੋਕ ਦੀਆਂ ਸਭ ਵਿਧੀਆਂ ਕਹਿ ਦਿੱਤੀਆਂ ਹਨ, ਅੱਗੇ ਸਭ ਪੌੜੀਆਂ ਬਾਰੇ ਮਹਾਤ- ਕਹਿੰਦੇ ਹਾਂ ਹੇ ਚਤੁਰ ਸਿੱਖੋ! ਸੁਣੋ॥੪੬॥

*ਪੰਝਵੀਂ ਰੁੱਤ ਦਾ ਸਤਾਈਵਾਂ ਅਧਿਆਇ ਸਮਾਪਤ ਹੋਇਆ॥*

# *ਅਧਿਆਇ ਅਠਾਈਵਾਂ*

## *ਜਪੁਜੀ ਮਹਾਤਮ*

ਦੋਹਰਾ- **ਸ੍ਰੀ ਜਪੁਜੀ ਪੌੜੀ ਪ੍ਰਥਮ ਕਰਹਿ ਕਾਮਨਾ ਪੂਰ।**
**ਪਾਠਕ ਸਭਿ ਸੁਖ ਪਾਇਕੈ ਬਿਘਨ ਬਿਨਾਸੈ ਕੂਰ॥ ੧॥**

ਜਪੁਜੀ ਸਾਹਿਬ ਦੀ ਪਹਿਲੀ ਪੌੜੀ ਸਭ ਕਾਮਨਾਵਾਂ ਪੂਰਨ ਕਰਦੀ ਹੈ, ਪਾਠਕ ਸਭ ਪ੍ਰਕਾਰ ਸੁਖ ਪ੍ਰਾਪਤ ਕਰਦੇ ਹਨ ਤੇ ਭਿਆਨਕ ਵਿਘਨ ਦੂਰ ਹੁੰਦੇ ਹਨ॥੧॥

**ਆਸ਼ਾ ਪਰ ਦੂਜੀ ਪੜੈ 'ਆਦਿ ਸੱਚੁ' ਜਿਹ ਨਾਮ।**
**ਦੇਵ ਮੰਤ੍ਰ ਅਰ ਚਲਨ ਮੈ, ਔਸ਼ਧਿ, ਰਸਾਯਨ, ਸ਼ਾਮ॥ ੨॥**

ਆਸ਼ਾ ਪੂਰਨ ਹਿਤ ਦੂਜੀ ਪੌੜੀ ਪੜ੍ਹੇ, 'ਆਦਿ ਸਚੁ' ਜਿਸ ਦਾ ਨਾਮ ਹੈ। ਆਪਣੇ ਇਸ਼ਟ ਦੇਵ ਨੂੰ ਆਵਾਹਣ ਲਈ, ਚੱਲਣ ਸਮੇਂ, ਦਵਾ ਵਰਤਣ ਵੇਲੇ, ਰਸਾਇਣ ਬਣਾਉਣ ਸਮੇਂ ਤੇ ਸ਼ਰਨ ਲੈਣ ਲਈ ਸਹਾਈ ਹੁੰਦੀ ਹੈ॥੨॥

**ਬਿਪਦਾ ਕਾਰਜ ਹਾਨ ਮਹਿਂ 'ਗਾਵਹਿ ਕੋ' ਰਹਿ ਲਾਗੁ।**
**ਕਾਰਜ ਕਾਹੂੰ ਅਟਕ ਮਹਿਂ ਦੇਯ ਭੇਟ ਗੁਰ ਭਾਗ॥ ੩॥**

ਬਿਪਤਾ ਅਤੇ ਕਾਰਜ ਦੀ ਹਾਨੀ ਸਮੇਂ 'ਗਾਵਹਿ ਕੋ' ਦੀ ਪੌੜੀ ਦਾ ਪਾਠ ਕਰੋ, ਜੇ ਕਾਰਜ ਕਿਸੇ ਤਰ੍ਹਾਂ ਅਟਕ ਜਾਵੇ ਤਾਂ ਤਨ ਭੇਟਾ ਦੇਵੋ ਤਾਂ ਅਟਕ ਭੱਜ ਜਾਵੇਗੀ॥੩॥

**ਨਵ ਘਰ, ਨਵ ਗੁਣ ਸੰਗ੍ਰਹੈ ਚੌਥੀ ਕੋ ਕਰਿ ਧਯਾਨ।**
**ਜਪੁ ਜਪੁ ਸਮ ਪੜਿ ਸਪਤ ਦਿਨ ਸਪਤ ਭੇਟ ਧਰਿ ਮਾਨ॥ ੪॥**

ਨਵਾਂ ਘਰ ਬਣਾਉਣ ਲਈ ਜਾਂ ਨਵੇਂ ਗੁਣ ਧਾਰਨ ਲਈ, ਚੌਥੀ ਪੌੜੀ ਦਾ ਧਿਆਨ ਧਾਰਨ ਕਰੋ, ਜਪੁਜੀ ਦੇ ਤੁਲ ਵਾਲੀ ਵਾਰ ਸਤ ਦਿਨਾਂ ਤੱਕ ਰੋਜ਼ ਪਾਠ ਕਰੋ ਤੇ ਸਨਮਾਨ ਲਈ ਸੱਤ ਭੇਟਾ ਧਾਰਨ ਕਰੋ॥੪॥

**ਉੱਦਮ ਪੰਜੇ, ਜੁੱਧ ਮੈਂ ਛੇਵੀ, ਸਪਤਮ ਬੰਧ।**
**ਅਟਕੀ ਨਾਰੀ ਆਠਵੀ, ਨਾਵੀਂ ਮੰਤ੍ਰਹਿ ਸੰਧ॥ ੫॥**

ਉੱਦਮ ਲਈ ਪੰਜਵੀਂ ਪੌੜੀ, ਯੁੱਧ ਲਈ ਛੇਵੀਂ ਪੌੜੀ ਤੇ ਕਿਸੇ ਬੰਧਨ ਦੇ ਪਿਆਂ ਸਤਵੀਂ ਪੌੜੀ ਦਾ ਜਾਪ ਕਰੇ। ਇਸਤਰੀ ਦੇ ਪ੍ਰਸੂਤ ਵਿਚ ਅਟਕ ਪਿਆਂ ਅੱਠਵੀਂ ਪੌੜੀ ਦੇ ਜਾਪ ਕਰਕੇ ਤੇ ਕਿਸੇ ਦੇ ਮੰਤਰ ਦੇ ਅਸਰ ਨੂੰ ਸੋਧਣ ਲਈ ਕਿ ਆਪਣੇ ਘਰ ਬੁਰਾ ਅਸਰ ਨਾ ਪਵੇ ਤਾਂ ਨੌਵੀਂ ਪੌੜੀ ਦਾ ਜਾਪ ਕਰੇ॥੫॥

**ਦਸਵੀਂ ਦਸਦੇ ਵਨਜ ਜੈ ਵਾਹਨ ਲੈਬੇ ਬੀਚ।**
**ਚੜਨੇ ਕ੍ਰਿਯ ਵਿੱਕ੍ਰਯ ਵਿਖੇ ਗਜਾਰਾਂ ਪੌੜੀ ਪੀਚ॥ ੬॥**

ਵਪਾਰ ਅਤੇ ਨਵੀਂ ਗੱਡੀ ਖਰੀਦਣ ਵਾਸਤੇ ਦਸਵੀਂ ਪੌੜੀ ਦਾ ਜਾਪ ਕਰਨਾ ਚਾਹੀਦਾ ਹੈ। ਖਰੀਦ ਫ਼ਰੋਖਤ ਵਾਸਤੇ ਜਦ ਤੁਰੇ ਤਾਂ ਗਿਆਰ੍ਹਵੀਂ ਪੌੜੀ ਦਾ ਪਾਠ ਕਰੇ॥੬॥

**ਬਾਰ੍ਹੀ ਪੜ ਕਲਪਨ ਕਰੇ ਦੁਖ ਅਰਿਸ਼ਟ ਕੋ ਨਾਸ਼।**
**ਤੇਰਾਂ ਤੇ ਸਿੱਧਨ ਭਜੈ ਕਾਰਜ ਰਾਜਸਿ ਰਾਸ॥ ੭॥**

ਬਾਰ੍ਹਵੀ ਪੌੜੀ ਪੜ੍ਹ ਕੇ ਆਧਿ, ਬਿਆਧਿ ਤੇ ਉਪਾਧਿ ਦਾ ਨਾਸ਼ ਕਰੇ, ਤੇਰ੍ਹਵੀਂ ਪੌੜੀ ਸਿੱਧੀਆਂ ਦੇ ਸੇਵਨ ਲਈ ਤੇ ਰਾਜਸੀ ਕਾਰਜਾਂ ਦੇ ਰਾਸ ਕਰਨ ਵਾਸਤੇ ਹੈ॥੭॥

**ਜੰਤ੍ਰਨਿ ਮਹਿਂ ਚੌਦਸ਼ ਕਹਜੋ, ਪੰਚਦਸ਼ੀ ਤੇ ਭੂਤ।**
**ਖੋੜਸਿ ਤੇ ਡਾਕਨ ਤਜੈ, ਸਤਦਸ ਮੋਹਨ ਕੂਤ॥ ੮॥**

ਜੰਤਰ ਲਿਖਣ ਵੇਲੇ ਜਾਂ ਜੰਤਰਾਂ ਤੋਂ ਬਚਾਅ ਵਾਸਤੇ ਚੌਦ੍ਹਵੀਂ ਪੌੜੀ ਦਾ ਪਾਠ ਕਰੋ। ਪੰਦਰ੍ਹਵੀਂ ਪੜ੍ਹਨ ਨਾਲ ਭੂਤ ਨੱਸ ਜਾਂਦੇ ਹਨ, ਸੋਲ੍ਹਵੀਂ ਪੜ੍ਹਨ ਨਾਲ ਜੋਗਨੀਆਂ ਛੱਡ ਜਾਂਦੀਆਂ ਹਨ ਤੇ ਸਤਾਰ੍ਹਵੀਂ ਪੌੜੀ ਮਨਮੋਹਨ ਭੋਜਨ ਪ੍ਰਾਪਤ ਕਰਨ ਲਈ ॥੮॥

ਪੜਹਿ ਅਠਾਰਹਿ ਆਠਦਸ ਨਿਤ ਉਠਿ ਵਿੱਦਜਾ ਹੇਤ।
ਖਟ ਮਾਹੇ ਵਿੱਦਜਾ ਵਧੇ ਨਿਰਮਲ ਬੁੱਧਿ ਸੁਚੇਤ॥ ੯॥

ਅਠਾਰਾਂ ਵਿੱਦਿਆ ਦੇ ਪੜ੍ਹਨ ਲਈ ਅਠਾਰਵੀਂ ਪੌੜੀ ਦਾ ਜਾਪ ਕਰੇ, ਛੇ ਮਹੀਨੇ ਵਿਚ ਵਿੱਦਿਆ ਵਧੇਗੀ ਤੇ ਬੁੱਧ ਨਿਰਮਲ ਤੇ ਸੁਚੇਤ ਹੋ ਜਾਵੇਗੀ॥੯॥

ਉੱਨੀ ਸੁੰਨੀ ਜੋਗ ਮਹਿਂ, ਬਿੰਸੀਨਾਰ ਸੰਜੋਗ।
ਸੰਤਤਿ ਹਿਤ ਇੱਕੀਸਵੀਂ, ਮ੍ਰਿਤ ਸੁਤ ਬਾਵੀ ਜੋਗੁ॥ ੧੦॥

ਅਫੁਰ ਯੋਗ ਵਾਸਤੇ ਉੱਨੀਵੀਂ ਪੌੜੀ ਦਾ ਪਾਠ ਕਰੇ। ਇਸਤਰੀ ਵਿਆਹੁਣ ਵਾਸਤੇ ਵੀਹਵੀਂ ਪੌੜੀ ਦਾ ਜਾਪ ਕਰੇ ਔਲਾਦ ਵਾਸਤੇ ਇੱਕੀਵੀਂ ਪੌੜੀ ਦਾ ਪਾਠ ਕਰੇ। ਬਾਈਵੀਂ ਦਾ ਮੇਲ ਹੈ ਜੇ ਪੁੱਤਰ ਜੰਮ ਕੇ ਮਰ ਜਾਂਦੇ ਹੋਣ ਤਾਂ ਇਸ ਪੌੜੀ ਦਾ ਪਾਠ ਕਰੇ, ਪੁੱਤਰ ਮਰਨ ਤੋਂ ਹਟ ਜਾਣਗੇ॥੧੦॥

ਤੇਈ ਰਿਧਨ ਅਖੁੱਟ ਮੈਂ, ਚੌਵੀ ਚਾਤੁਰ ਪ੍ਰੀਤ।
ਪੰਚਵਿੰਸਵੀ ਆਦਰੇ ਸਭਿ ਕੋ ਮੋਹਨ ਰੀਤ॥ ੧੧॥

ਤੇਈਵੀਂ ਅਖੁੱਟ ਰਿੱਧੀਆਂ ਦੀ ਪ੍ਰਾਪਤੀ ਲਈ ਹੈ, ਚੌਵੀਵੀਂ ਚਾਤਰਾਂ ਨਾਲ ਪ੍ਰੀਤ ਲਾਉਣ ਵਾਸਤੇ ਹੈ। ਪੰਝੀਵੀਂ ਆਪਣੇ ਆਦਰ ਲਈ ਹੈ, ਜਿਸ ਨਾਲ ਸਾਰੇ ਮੋਹਿਤ ਹੋ ਜਾਣ॥੧੧॥

ਛੱਬੀ ਛਲ ਮੈਂ, ਬਲ ਧਰੇ ਸਪਤ ਵਿੰਸ਼ਕਾ ਜਾਪੁ।
ਅਠਾਵਿੰਸ ਭੈ ਦੂਰ ਕੋ ਹੋਇ ਬੱਜ੍ਰ ਸਮ ਪਾਪੁ॥ ੧੨॥

ਛੱਬੀਵੀਂ ਦੂਸਰਿਆਂ ਦੇ ਛਲਾਂ ਤੋਂ ਬਚਨ ਲਈ ਹੈ, ਸਤਾਈਵੀਂ ਦਾ ਜਾਪ ਬਲ ਧਾਰਨ ਵਾਸਤੇ ਹੈ। ਭੈ ਦੇ ਦੂਰ ਕਰਨ ਵਾਸਤੇ ਤੇ ਚਾਹੇ ਬੱਜਰ ਪਾਪ ਹੋ ਗਿਆ ਹੋਵੇ, ਉਸ ਨੂੰ ਨਾਸ਼ ਕਰਨ ਵਾਸਤੇ ਅਠਾਈਵੀਂ ਪੌੜੀ ਦਾ ਜਾਪ ਕਰੇ॥੧੨॥

ਵਿਖ ਪੀਵੈ ਬਿਖੀਆ ਕਟੇ ਉਨਤੀਸੇ ਕਾ ਝਾੜ।
ਦੂਧ ਵਧਾਵੈ ਵਜ਼ਨ ਮੈਂ ਤੀਸ ਪੌੜੀਆਂ ਗਾੜ॥ ੧੩॥

ਜ਼ਹਿਰ ਪੀਤੀ ਹੋਵੇ ਜਾਂ ਸੱਪ ਆਦਿ ਜੰਤੂ ਕੱਟ ਜਾਵੇ ਤਾਂ ਉਣੱਤੀਵੀਂ ਪੌੜੀ ਦਾ ਪਾਠ ਉਸ ਨੂੰ ਝਾੜ ਦੇਵੇਗਾ। ਤੀਹਵੀਂ ਪੌੜੀ ਦੇ ਪਾਠ ਨਾਲ ਦੁੱਧ ਤੋਲ ਵਿਚ ਵਧਦਾ ਹੈ, ਭਾਵ ਗਾੜ੍ਹਾ ਹੋ ਜਾਂਦਾ ਹੈ॥੧੩॥

ਏਕੀ ਛੇਕੋ, ਦੋ ਕੀ ਭਾਗੇ ਤ੍ਰੈ, ਤੇਤੇ ਇਕ ਤਾਪ।
ਨਿੱਤ ਜੂਰੀ ਚੌਤੀ ਪੜੈ ਚਾਲੀ ਚਾਲੀ ਮਾਪੁ॥ ੧੪॥

ਇਕੱਤਵੀਂ ਪੌੜੀ ਦੇ ਜਾਪ ਨਾਲ ਕਦੀ ਲਹਿਣ ਵਾਲਾ ਤੇ ਕਦੀ ਚੜ੍ਹਨ ਵਾਲਾ ਤਾਪ ਦੂਰ ਹੋ ਜਾਂਦਾ ਹੈ। ਬੱਤੀਵੀਂ ਪੌੜੀ ਦੇ ਜਾਪ ਨਾਲ ਤੈਈਆ ਤਾਪ ਭੱਜ ਜਾਂਦਾ ਹੈ। ਤੇਤੀਵੀਂ ਦੇ ਪਾਠ ਨਾਲ ਇਕੋ ਜੇਹਾ ਚੜ੍ਹਿਆ ਰਹਿਣ ਵਾਲਾ ਤਾਪ ਭੱਜ ਜਾਂਦਾ ਹੈ। ਚੌਤੀਵੀਂ ਪੌੜੀ ਦੇ ਜਾਪ ਨਾਲ ਰੋਜ਼ ਚੜ੍ਹਨ ਵਾਲਾ ਤਾਪ ਲੱਥ ਜਾਂਦਾ ਹੈ॥੧੪॥

ਕਰਮ ਮਾਂਝ ਦਸ ਕੋ ਪੜੈ, ਅਰਥ ਮਾਂਹਿ ਵੀਹ ਪਾਠ।
ਤੀਹ ਕਾਮਨਾ ਸੰਚਰਤਿ, ਚਾਲੀ ਮੁਕਤ ਸੁ ਰਾਠ॥ ੧੫॥

ਕਿਸੇ ਕਾਰਜ ਦੀ ਸਿੱਧੀ ਲਈ ਦਸ ਪਾਠ ਜਪੁਜੀ ਸਾਹਿਬ ਦੇ ਕਰੇ, ਧਨ ਪ੍ਰਾਪਤ ਲਈ ਵੀਹ ਪਾਠ ਕਰੇ ਤੇ ਰਾਜ ਦੀ ਕਾਮਨਾ ਪੂਰਨ ਹੋਣ ਲਈ ਜਪੁਜੀ ਸਾਹਿਬ ਦੇ ਤੀਹ ਪਾਠ ਕਰੇ ਤੇ ਮੁਕਤੀ ਦੀ ਪ੍ਰਾਪਤੀ ਲਈ ਚਾਲੀ ਪਾਠ ਜਪੁਜੀ ਸਾਹਿਬ ਦੇ ਕਰੇ॥੧੫॥

**ਪੈਂਤੀ ਪੰਗਤ, ਛੱਤੀ ਗੜ੍ਹ, ਸੂਰ ਕਾਜ ਸੈਂਤੀਸ।**
**ਅਠੱਤੀ ਮਿਲਨੇ ਸਾਧ ਕੇ, ਕੈ ਨ੍ਰਿਪ ਪੌਰ ਅਸੀਸ॥ ੧੬॥**

ਪੈਂਤੀਵੀਂ ਪੌੜੀ ਭਾਈਚਾਰੇ ਵਿਚ ਮਾਣ ਲਈ ਤੇ ਛੱਤੀਵੀਂ ਕਿਲ੍ਹਾ ਫ਼ਤਹਿ ਕਰਨ ਲਈ, ਸੈਂਤੀਵੀਂ ਸੂਰਮਗਤੀ ਦਾ ਫ਼ਰਜ ਕਰਨ ਲਈ ਜਾਂ ਰਾਜ ਦੁਆਰੇ ਟਿਕਣ ਲਈ ਪੜ੍ਹੇ॥੧੬॥

**ਉਨਤਾਲੀ ਤਨ ਦੇਵ ਕੋ, ਚਾਲੀ ਚਤਰਭੁਜ ਰੂਪ।**
**ਚਾਰ ਭਾਂਤ ਜਪ ਲਿਖਿ ਹੁਤੇ ਭੋਜਨ ਅਖੈ ਸਰੂਪ॥ ੧੭॥**

ਉਣਤਾਲੀਵੀਂ ਦੇਵਤਾ ਰੂਪ ਹੋਣ ਲਈ, ਚਾਲੀਹਵੀਂ ਵਿਸ਼ਨੂੰ ਰੂਪ ਹੋਣ ਲਈ। ਸਰੂਪ ਹੋਣ ਲਈ ਭਾਵ ਕੇਵਲ ਮੁਕਤੀ ਲਈ ਚਾਰ ਤਰ੍ਹਾਂ ਨਾਲ ਜਪੁਜੀ ਸੇਵਨ ਕਰੇ, ਜਪੇ, ਲਿਖੇ, ਹੋਮ ਕਰੇ ਤੇ ਭੋਜਨ ਦੇਵੇ ਭਾਵ ਯੱਗ ਕਰੇ॥੧੭॥

**ਜਪ ਮਹਿਮਾ ਪੌੜੀ ਪੜੈ ਕਰਿਹੈ ਗੁਰ ਸਨ ਪ੍ਰੀਤ।**
**ਨਿਹਚਾ ਜਾਂਕਾ ਗੁਰਨਿ ਮੈਂ ਹੋਇ ਸਫਲ ਤਿਹ ਰੀਤ॥੧੮॥**

ਜਪੁਜੀ ਦੀਆਂ ਪੌੜੀਆਂ ਦੀ ਜੋ ਮਹਿਮਾ ਅਸੀਂ ਲਿਖੀ ਹੈ, ਉਸ ਨੂੰ ਉਸ ਕਾਰਜ ਲਈ ਪੜ੍ਹੇ, ਗੁਰੂ ਨਾਲ ਪ੍ਰੀਤ ਧਾਰਨ ਕਰੇ। ਜਿਨ੍ਹਾਂ ਦਾ ਗੁਰੂ ਜੀ ਵਿਚ ਨਿਸ਼ਚਾ ਹੈ, ਉਨ੍ਹਾਂ ਦੀ ਰੀਤੀ ਪੂਰਨ ਤੌਰ 'ਤੇ ਸਫਲ ਹੋਵੇਗੀ॥੧੮॥

**ਇਹ ਜਪ ਗੁਰ ਅਰਜਨ ਸਬਿਧਿ ਗੁਰ ਨਾਨਕ ਮੁਖ ਮੰਤ।**
**ਲਿਖਯੋ ਸੁ ਕਰ ਗੁਰ ਰਾਜ ਸਤਗੁਰ ਸਨਮੁਖਿ ਸੁਖ ਸੰਤ॥੧੯॥**

ਇਹ ਜਪੁਜੀ ਗੁਰੂ ਨਾਨਕ ਦੇਵ ਜੀ ਦੇ ਮੁਖ ਤੋਂ ਉਚਾਰਨ ਹੋਇਆ ਹੈ ਤੇ ਗੁਰੂ ਅਰਜਨ ਦੇਵ ਜੀ ਨੇ ਇਸ ਨੂੰ ਵਿਧੀ ਨਾਲ ਹੁਣ ਪ੍ਰਗਟ ਕੀਤਾ ਹੈ। ਗੁਰੂ ਰਾਮਦਾਸ ਜੀ ਨੇ ਇਸ ਨੂੰ ਹੱਥੀਂ ਲਿਖਿਆ ਸੀ, ਉਸ ਤੋਂ ਬਾਅਦ ਸੰਤਾਂ ਦੇ ਸੁਖ ਲਈ ਸਤਿਗੁਰ ਸਨਮੁਖ ਭਾਈ ਗੁਰਦਾਸ ਨੇ ਲਿਖਿਆ ਸੀ॥੧੯॥

**ਸਭਿ ਸਾਧਨ ਪ੍ਰਗਟ ਕੀਏ ਨਹੀਂ ਦੁਸ਼ਟ ਕੋ ਦੇਹ।**
**ਫਲਹਿਂ ਸਿੱਖ ਪਰਤੀਤ ਤੇ ਬਿੱਪ੍ਰ ਸਾਧ ਕੀ ਸੇਵ॥ ੨੦॥**

ਪ੍ਰਯੋਜਨ ਦੀ ਸਿੱਧੀ ਲਈ ਸਾਰੇ ਸਾਧਨ ਅਸੀਂ ਪ੍ਰਗਟ ਕੀਤੇ ਹਨ, ਇਹ ਦੁਸ਼ਟਾਂ ਨੂੰ ਨਹੀਂ ਦੱਸਣੇ ਹਨ। ਸਿੱਖ ਦੇ ਭਰੋਸੇ ਨਾਲ ਸਾਧਨ ਫਲਣਗੇ, ਬ੍ਰਾਹਮਣ ਅਤੇ ਸਾਧੂ ਦੀ ਸੇਵਾ ਕਰੇ॥੨੦॥

**ਉਸਤਤਿ ਨਿੰਦਾ ਪਰਹਰੈ, ਕਲਹਿ ਈਰਖਾ ਮਾਨ।**
**ਬੇਦ ਬਚਨ ਸਮ ਗੁਰ ਬਚਨ ਸਭਿ ਸੰਤਨ ਪਰਮਾਨ॥ ੨੧॥**

ਉਸਤਤਿ, ਨਿੰਦਿਆ, ਕਲੇਸ਼, ਈਰਖਾ ਅਤੇ ਹੰਕਾਰ ਦੂਰ ਕਰੇ, ਗੁਰੂ ਜੀ ਦੇ ਬਚਨ ਵੇਦਾਂ ਦੇ ਬਚਨਾਂ ਦੇ ਤੁਲ ਹਨ, ਸਾਰੇ ਸੰਤ ਇਸਨੂੰ ਚੰਗੀ ਤਰ੍ਹਾਂ ਮੰਨਦੇ ਹਨ॥੨੧॥

*ਸ੍ਵੈਯਾ-* **ਜਪੁ ਜਾਪੁ ਕਿਯੇ ਅਘ ਕੋਟ ਹਰੈ, ਨਿਤ ਦਾਨ ਵਧੈ, ਬੁਧਿ ਸਾਰ ਧਰੈ।**
**ਮਨ ਭਾਵ ਵਧੈ ਸੁਖ ਕਾਮ ਸਧੈ, ਸੁਰਸਾਧਨ ਮੈਂ ਤਮ ਪੁੰਜ ਹਰੈ।**
**ਧਨ ਮੈਂ, ਤਨ ਮੈ, ਘਰ ਮੈਂ, ਸੁਤ ਮੈਂ, ਅਰੁ ਨਾਰਿ ਬਿਖੈ ਸਭਿ ਦੋਖ ਟਰੈ।**
**ਜਿਹ ਪ੍ਰੀਤ ਨਹੀਂ,ਪਰਤੀਤ ਨਹੀਂ ਤਿਸ ਕੋ ਸਿਖ ਦੇਹਿ ਸੁ ਦੋਖ ਕਰੈ॥੨੨॥**

ਜਪੁਜੀ ਦੇ ਜਾਪ ਕੀਤਿਆਂ ਕਰੋੜਾਂ ਪਾਪ ਦੂਰ ਹੁੰਦੇ ਹਨ, ਨਿਤ ਦਾਨ ਵਧਦਾ ਹੈ ਤੇ ਬੁੱਧੀ ਸਾਰ ਧਾਰਨ ਕਰਦੀ ਹੈ। ਮਨ ਵਿਚ ਪ੍ਰੇਮ ਵਧਦਾ ਹੈ ਤੇ ਸੁਖ ਦੀਆਂ ਕਾਮਨਾਂ ਸਿੱਧ ਹੁੰਦੀਆਂ ਹਨ। ਦੈਵੀ ਗੁਣ ਧਾਰਨ ਕਰਕੇ ਅਗਿਆਨਤਾ ਦਾ ਨਾਸ਼

ਹੋਵੇਗਾ। ਧਨ ਵਿਚ, ਤਨ ਵਿਚ, ਘਰ ਵਿਚ, ਪੁੱਤ ਵਿਚ ਅਤੇ ਇਸਤਰੀ ਵਿਚ ਸਾਰੇ ਦੋਖ ਟਲ ਜਾਣਗੇ। ਜਿੱਥੇ ਪ੍ਰੀਤ ਨਾ ਪਰਤੀਤ ਨਹੀਂ, ਉਸ ਨੂੰ ਜੋ ਸਿੱਖ ਇਹ ਵਿਧੀ ਦੱਸ ਦੇਵੇਗਾ, ਉਸ ਨੂੰ ਦੋਖ ਲਗੇਗਾ॥੨੨॥

ਜਿਸ ਕੀ ਬਿਧਿ ਏਹ ਕਹੀ ਗੁਰ ਪੂਰਨ ਹੈ ਸਿਖ ਪ੍ਰਾਪਤ ਸਾਧਨ ਤੇ।
ਸਭਿ ਪਾਠਨਿ ਗੀਤ ਖੜੰਗਨ ਤੇ ਉਪਜੇ ਫਲ ਕੋ ਤਤ ਜੋਗਨ ਤੇ।
ਤਿਮ ਸਾਧਨ ਸਿੱਧ ਸੁਚੇਤ ਭਲੀ ਬਿਧਿ ਕਾਜ ਸਰੇ ਸੁਖ ਭੋਗਨ ਤੇ।
ਸਭਿ ਸਿੱਧ ਕੀਏ ਗੁਰ ਭੇਟ ਦੀਏ ਇਹ ਬੀਜ ਧਰੇ ਗੁਰ ਮੋਦਨ ਤੇ॥ ੨੩॥

ਇਹ ਪੂਰਨ ਵਿਧੀ ਗੁਰੂ ਜੀ ਨੇ ਕਹੀ ਹੈ ਤੇ ਸਿੱਖ ਨੂੰ ਇਹ ਸਾਧਨ ਕਰਨ ਨਾਲ ਪ੍ਰਾਪਤ ਹੁੰਦੀ ਹੈ। ਜਿਵੇਂ ਛੇ ਨਿ- ਧਾਰਨ ਕਰਕੇ ਵੇਦ ਦਾ ਪਾਠ ਪ੍ਰਾਪਤ ਹੁੰਦਾ ਹੈ, ਜਿਵੇਂ ਛੇ ਕਰਮਾਂ ਨਾਲ ਜੋਗ ਕਰਨ ਨਾਲ ਤੱਤ ਰੂਪੀ ਫਲ ਪ੍ਰਾਪਤ ਹੁੰਦਾ ਹੈ ਤਿਵੇਂ ਜਪੁਜੀ ਦਾ ਸਾਧਨ ਸੁਚੇਤ ਹੋ ਕੇ ਸਿੱਧੀ ਸਹਿਤ ਭਲੀ ਤਰ੍ਹਾਂ ਕਰਨ ਨਾਲ ਸਿੱਧੀ ਪ੍ਰਾਪਤ ਹੁੰਦੀ ਹੈ। ਕਾਰਜ ਸੌਰਦੇ ਹਨ ਤੇ ਸੁਖਾਂ ਦੇ ਭੋਗ ਮਿਲਦੇ ਹਨ। ਇਹ ਜੋ ਬੀਜ ਧਰੇ ਹਨ, ਗੁਰੂ ਭੇਟਾ ਦਿੱਤਿਆਂ 'ਤੇ ਗੁਰੂ ਜੀ ਦੇ ਪ੍ਰਸੰਨ ਹੋਇਆਂ ਸਭ ਸਿੱਧ ਕੀਤੇ ਜਾਣ ਲਵੋ॥੨੩॥

ਦੋਹਰਾ- ਗੁਰ ਨਾਨਕ ਕਰੁਨਾ ਕਰੀ ਪੰਥ ਬਤਾਯੋ ਸਿੱਖ।
ਗੁਰ ਅਰਜਨ ਬਰਨਨ ਕਰੀ ਅਰਥ ਖਜਾਤਿ ਭਾ ਲਿੱਖ॥ ੨੪॥

ਗੁਰੂ ਨਾਨਕ ਦੇਵ ਜੀ ਨੇ ਕਿਰਪਾ ਕੀਤੀ ਹੈ ਤੇ ਸਿੱਖੀ ਮਾਰਗ ਦੱਸਿਆ ਹੈ। ਗੁਰੂ ਅਰਜਨ ਦੇਵ ਜੀ ਵਲੋਂ ਪ੍ਰਗਟ ਹੋਇਆ ਅਰਥ ਲਿਖਿਆ ਗਿਆ ਹੈ॥੨੪॥

ਸੁਪਨਿ ਬਾਤ ਪਰਗਟ ਕਰੀ ਸਤਿਗੁਰ ਪੂਰਨ ਖਜਾਤ।
ਇਹਾਂ ਅਰਥ ਬਿਦਤਾਇ ਸੋ ਲਿਖਯੋ ਜੁ ਸਿੱਖ ਸੁਹਤ॥ ੨੫॥

ਪੂਰਨ ਅਨੁਭਵ ਵਾਲੇ ਸਤਿਗੁਰੂ ਜੀ ਨੇ ਜੋ ਸੁਪਨੇ ਵਿਚ ਗੱਲ ਪ੍ਰਗਟ ਕੀਤੀ ਸੀ, ਉਸੇ ਦਾ ਅਰਥ ਏਥੇ ਪ੍ਰਗਟ ਕਰ ਕੇ ਲਿਖਿਆ ਹੈ, ਜੋ ਸਿੱਖਾਂ ਨੂੰ ਸੁਹਾਉਂਦਾ ਹੈ॥੨੫॥

ਪਾਠਕ ਪਰ ਪੂਰਨ ਕ੍ਰਿਪਾ ਅਰਜਨ ਗੁਰੂ ਪ੍ਰਤਾਪ।
ਦੇਖਿ, ਪੜੇ, ਦੇ ਲਿਖ, ਸੁਨੇ ਕਰਿ ਪੂਜਾ, ਗੁਰ, ਜਾਪ॥ ੨੬॥

ਗੁਰੂ ਅਰਜਨ ਦੇਵ ਜੀ ਦੇ ਪ੍ਰਤਾਪ ਨਾਲ ਪਾਠਕ 'ਤੇ ਪੂਰਨ ਕਿਰਪਾ ਹੈ, ਜਿਹੜਾ ਗੁਰੂ ਕ੍ਰਿਤ ਜਪੁਜੀ ਸਾਹਿਬ ਨੂੰ ਦਸ ਤਰ੍ਹਾਂ ਵਿਚੋਂ ਕਿਸੇ ਤਰ੍ਹਾਂ ਨਾਲ ਸੇਵਨ ਕਰਦਾ ਹੈ, ਭਾਵ ਦਰਸ਼ਨ ਕਰਕੇ ਪੂਜਾ ਕਰਦਾ ਹੈ, ਪੜ੍ਹਦਾ ਹੈ, ਪਾਠ ਸੁਣਦਾ ਹੈ ਲਿਖ ਕੇ ਦੂਜਿਆਂ ਨੂੰ ਗੁਟਕਿਆਂ ਦੇ ਰੂਪ ਵਿਚ ਵੰਡਦਾ ਹੈ॥੨੬॥

ਕਲਜੁਗ ਮੈਂ ਚਹੁ ਬਰਣ ਕੋ ਚਾਰ ਭਾਂਤ ਕਾ ਜਾਪ।
ਪਰਾ, ਮੱਧਮਾ, ਵੇਦ ਕਹਿ ਪੱਸਯੰਤੀ ਜਿਸ ਮਾਪ॥ ੨੭॥

ਕਲਿਜੁਗ ਵਿਚ ਚਾਰੇ ਵਰਨਾਂ ਦਾ ਚਾਰ ਪ੍ਰਕਾਰ ਦਾ ਜਾਪ ਹੈ, ਜਿਸਨੂੰ ਪਰਾ, ਮੱਧਮਾ, ਵੇਦ, ਪੱਸਯੰਤੀ ਕਹਿ ਕੇ ਮਾਪਦੇ ਹਾਂ॥੨੭॥

ਬੈਖਰੀ ਚਾਰੇ ਥਾਨ ਮਹਿਂ ਤਨ ਮੈਂ ਕਰਿ ਹੋ ਵਾਸ।
ਪ੍ਰਗਟ ਹੋਤ ਮੁਖ ਮਹਿਂ ਵਸਹਿ ਸਭਿ ਨਰ ਕਰਤਿ ਪ੍ਰਕਾਸ਼॥ ੨੮॥

ਬੈਖਰੀ ਚਾਰੇ ਸਥਾਨਾਂ 'ਤੇ ਸਰੀਰ ਵਿਚ ਵਾਸਾ ਕਰਦੀ ਹੈ, ਮੁਖ ਵਿਚ ਪ੍ਰਗਟ ਹੁੰਦੀ ਹੈ, ਸਾਰੇ ਜਿਸ ਨੂੰ ਬੋਲਦੇ ਹਨ॥

ਨਾਭੀ ਪਹਿਲੀ, ਰਿਦੇ ਦੁਇ, ਕੰਠ ਤ੍ਰਿਤੀ, ਮੁਖ ਬੋਲ।
ਜਿਉਂ ਕਿਉਂ ਪਠ ਫਲ ਅਧਿਕ ਹੁਇ ਇਹੀ ਜਾਪ ਕੋ ਮੋਲ॥ ੨੯॥

ਨਾਭੀ ਵਿਚ ਪਰਾ ਰਹਿੰਦੀ ਹੈ, ਹਿਰਦੇ ਵਿਚ ਮੱਧਮ, ਕੰਠ ਵਿਚ ਪਸਯੰਤੀ ਤੇ ਮੁਖ ਤੋਂ ਬੋਲਣ ਵਿਚ ਬੈਖਰੀ ਹੈ। ਜਿਵੇਂ ਕਿਵੇਂ ਪੜ੍ਹਨ ਨਾਲ ਫਲ ਜ਼ਿਆਦਾ ਹੁੰਦਾ ਹੈ, ਇਹ ਹੀ ਜਾਪ ਦਾ ਮੂਲ ਹੈ॥੨੯॥

ਜਾਪ ਅਜਪਾ ਜਪ ਪਠਹੁ ਦਿਜਬਰ ਕੁਲ ਨੰਦ ਨੰਦ।
ਗੁਰ ਅਰਜਨ ਢਿਗ ਦਾਸ ਕੋ ਪਾਇਓ ਪਰਮਾਨੰਦ॥ ੩੦॥

ਫਿਰ ਬ੍ਰਿਜ ਲਾਲ ਹੀ ਕਹਿੰਦਾ ਹੈ ਕਿ ਦਾਸ ਨੇ ਗੁਰੂ ਅਰਜਨ ਦੇਵ ਪਾਸੋਂ ਬੜਾ ਅਨੰਦ ਪਾਇਆ ਤੇ ਉਨ੍ਹਾਂ ਨੇ ਮੈਨੂੰ ਕਿਹਾ ਕਿ, ਹੇ ਬ੍ਰਿਜ ਲਾਲ ! ਜਪ ਦਾ ਮਨ ਵਿਚ ਪਾਠ ਕਰਿਆ ਕਰੋ॥੩੦॥

*ਚੌਪਈ*-ਇਸ ਬਿਧਿ ਪੰਡਤਿ ਪਿੰਡੀ ਲਾਲ। ਬਿਧੀਚੰਦ, ਨੰਦ ਲਾਲ, ਗੁਪਾਲ।
ਖਾਨ ਚੰਦ, ਅਰੁ ਆਲਮ ਸ਼ਾਹੂ। ਸਾਧ ਮਦਨ ਗਿਰ ਸੁਨਤਿ ਉਮਾਹੂ॥ ੩੧॥

ਇਸ ਵਿਧੀ ਨਾਲ ਪੰਡਿਤ ਪਿੰਡੀ ਲਾਲ, ਬਿਧੀ ਚੰਦ, ਨੰਦ ਲਾਲ, ਗੁਪਾਲ, ਖਾਨ ਚੰਦ ਅਤੇ ਆਲਮ ਸ਼ਾਹ ਅਤੇ ਮਦਨ ਗਿਰ ਆਦਿਕ ਸਾਰੇ ਸੁਣ ਕੇ ਪ੍ਰਸੰਨ ਹੋਏ॥੩੧॥

*ਦੋਹਰਾ*- ਮਾਨਜੋ ਗੁਰ ਤੇ ਰਾਤ ਕੋ ਉਡਜੋ ਵਿਹੰਗਮ ਭਾਂਤਿ।
ਭੇਟਜੋ ਪੁਰਖ ਪੂਰਨ ਤਹਾਂ ਪੂਛਜੋ ਪੁਨ ਕੋ ਸ਼ਾਂਤਿ॥ ੩੨॥

ਹੁਣ ਫਿਰ ਬ੍ਰਿਜਲਾਲ ਸਭਾ ਵਿਚ ਬੋਲਦਾ ਹੈ ਕਿ ਮੈਂ ਰਾਤ ਨੂੰ ਸੁਪਨੇ ਵਿਚ ਜਦ ਪੰਛੀ ਵਾਂਗੂ ਉੱਡ ਕੇ ਗਿਆ ਸੀ ਤਾਂ ਹੁਣ ਤਕ ਦੱਸੀ ਗੱਲਬਾਤ ਪੂਰਨ ਪੁਰਖ ਗੁਰੂ ਅਰਜਨ ਦੇਵ ਜੀ ਤੋਂ ਸੁਣ ਕੇ ਮੰਨ ਲਈ ਹੈ। ਗੁਰੂ ਅਰਜਨ ਦੇਵ ਜੀ ਨੂੰ ਮਿਲ ਕੇ ਪੁੱਛਿਆ ਸੀ ਕਿ ਮਰਨ ਵੇਲੇ ਕਿਹੜਾ ਪਾਠ ਕੀਤਾ ਜਾਵੇ ਤਾਂ ਉਨ੍ਹਾਂ ਨੇ ਕਿਹਾ ਸੀ॥੩੨॥

ਤੀਨ ਵਾਰ ਗੁਰ ਇਵ ਕਹੀ 'ਇਹ ਜਪੁ ਰਤਨ ਅਮੋਲ।
ਜਾਂਤੇ ਮੁਝ ਕੋਂ ਭੇਟਿਓ ਇਹੀ ਅੰਤ ਕੋ ਚੋਲ॥ ੩੩॥

ਤਿੰਨ ਵਾਰ ਗੁਰੂ ਜੀ ਨੇ ਇਸ ਪ੍ਰਕਾਰ ਕਿਹਾ, "ਇਹ ਜਪੁਜੀ ਅਮੋਲਕ ਰਤਨ ਹੈ, ਇਸੇ ਨਾਲ ਤੁਸੀਂ ਮੈਨੂੰ ਆ ਮਿਲੋਗੇ, ਤੇ ਅੰਤ ਦਾ ਚੋਲਾ ਇਹੀ ਹੈ, ਭਾਵ ਇਹ ਤੇਰਾ ਆਖਰੀ ਜਨਮ ਹੈ॥੩੩॥

ਏਕੋ ਓਅੰਕਾਰ ਕਹੁ ਪੁਨ ਸਤਿਗੁਰੂ ਪ੍ਰਸਾਦਿ।
ਸੱਤਿਨਾਮ ਕਰਤਾ ਪੁਰਖ ਜਪਹਿ ਜਾਪ ਅਹਿਲਾਦ॥ ੩੪॥

ਪਿਛੇ ਆਏ ਮੂਲ ਮੰਤਰ ਦੇ ਜਾਪ ਵਿਚ ਕੋਈ ਭੁਲੇਖਾ ਨਾ ਰਹਿ ਜਾਵੇ, ਏਥੇ ਦੱਸਦੇ ਹਨ ਕਿ ਆਦਿ ਅੰਤ ਵਿਚ ਜਿਸ ਮੂਲ ਮੰਤਰ ਦੇ '੧ਓ ਤੇ ਗੁਰ ਪ੍ਰਸਾਦਿ' ਹੈ ਵਿਚਾਲੇ 'ਸਤਿਨਾਮੁ ਕਰਤਾ ਪੁਰਖ' ਆਦਿਕ ਪਾਠ ਹੈ, ਇਸ ਸਾਰੇ ਮੂਲ ਮੰਤਰ ਦਾ ਜਪ ਜੋ ਜਪੇਗਾ, ਆਨੰਦ ਨੂੰ ਪ੍ਰਾਪਤ ਹੋਵੇਗਾ॥੩੪॥

ਜਪੇ ਜਾਪ ਤਨ ਤਾਪ ਖਪੁ ਆਰਬਲਾ ਵਧ ਜਾਇ।
ਕਰਹਿ ਕਾਮਨਾ ਜਥਾ ਉਰ ਤਥਾ ਜਾਪ ਤੇ ਪਾਇ॥ ੩੫॥

ਜਾਪੁ ਸਾਹਿਬ ਦਾ ਪਾਠ ਕਰਨ ਨਾਲ ਤਨ ਦੇ ਰੋਗ ਦੂਰ ਹੋ ਜਾਂਦੇ ਹਨ ਤੇ ਉਮਰ ਵਧ ਜਾਂਦੀ ਹੈ, ਜਿਸ ਵਸਤੂ ਦੀ ਵੀ ਕਾਮਨਾ ਕਰੇ ਉਹ ਜਾਪ ਤੋਂ ਪੂਰੀ ਹੋ ਜਾਂਦੀ ਹੈ॥੩੫॥

ਨਾਰੀ ਸੁਤ ਕੇ ਕਾਰਨੇ ਅੱਖਜਰ ਜਪ ਅਰਧੈਨ।
ਸਕਲ ਕਾਮ ਸਾਧਨ ਸਿਧੈ, ਸਾਧਕ ਸੁਖ ਬਹੁ ਚੈਨ॥ ੩੬॥

ਇਸਤਰੀ, ਪੁੱਤਰ ਦੀ ਪ੍ਰਾਪਤੀ ਵਾਸਤੇ ਇਨ੍ਹਾਂ ਅੱਖਰਾਂ ਦਾ ਹੀ ਜਾਪ ਕਰੇ, ਉਸ ਨੂੰ ਗਰਭ ਹੋ ਜਾਵੇਗਾ। ਜਪੁਜੀ ਸਾਹਿ ਦੇ ਸਾਧਨ ਨਾਲ ਸਭ ਕਾਮਨਾਂ ਸਿੱਧ ਹੋਣਗੀਆਂ॥੩੬॥

*ਸਲੋਕ॥ ਸ਼ੁਭੰ ਪ੍ਰਭਾਤੇ ਸੂਰਬੇਚ ਮੱਧਜਮੇ ਕਾਮਜੇ ਪਰਾਹਨੇ ਮੋਖਯੇਚ ਸਿਧਯੇ।*
*ਮੋਹਨ ਪ੍ਰਦੋਖੇ ਵਸਤੈਕ ਯਾਮੇ ਰਿਪੂਦਘਾਤੈ ਹਿਰਜੰਨਜਰਧ ਬੀਤੇ।*
*ਮੁਕਤੀ ਪਰਾਯਣੇ ਪ੍ਰਹਰੇਚ ਸ਼ੇਖੇ ਸੂਰਜੋਦਏਚ ਕਿੰਨੈਵ ਸਿੱਧਪਜਮ।*
*ਇਦੰ ਫਲੰ ਵੈ ਵਿਰਚਤੰ ਦ੍ਵਿਜੈਨ ਸ਼੍ਰੀ ਗੁਰੂ ਕਰੰ ਸ਼੍ਰੀ ਕੇਸ਼ਵੇਨ॥*

ਪ੍ਰਭਾਤ ਨੂੰ ਤਾਂ ਜਪੁਜੀ ਸਾਹਿਬ ਦਾ ਪਾਠ ਵੈਸੇ ਹੀ ਸ਼ੁਭ ਹੈ, ਪਰ ਜੇ ਕਿਸੇ ਕਾਰਜ ਸਿੱਧੀ ਲਈ ਨਿਸ਼ਚੇ ਕਰਕੇ ਦੁਪਹਿ ਤੋਂ ਪਿੱਛੋਂ, ਮੋਹਨ ਕਰਨ ਵਾਸਤੇ ਸ਼ਾਮ ਵੇਲੇ, ਕਿਸੇ ਗੁਪਤ ਵਸਤੂ ਲਈ ਪਹਿਰ ਰਾਤ ਬੀਤਿਆਂ, ਵੈਰੀਆਂ ਦੇ ਨਾਸ਼ ਲਈ ਅੱਧੀ ਰਾਤ, ਮੁਕਤੀ ਦੇ ਆਸਰੇ ਹੋਣ ਲਈ ਪਹਿਰ ਰਾਤ ਬਾਕੀ ਰਹੇ ਵੇਲੇ, ਸੂਰਜ ਚੜ੍ਹਨ ਵੇਲੇ ਕੀ ਸਿੱਧ ਨਹੀਂ ਹੋ ਸਕਦ ਭਾਵ ਸਾਰੀਆਂ ਗੱਲਾਂ ਸਿੱਧ ਹੋ ਸਕਦੀਆਂ ਹਨ। ਸ੍ਰੀ ਗੁਰੂ ਜੀ ਦੀ ਰਚੀ ਹੋਈ ਬਾਣੀ ਜਪੁਜੀ ਦਾ ਫਲ ਬ੍ਰਾਹਮਣ ਬ੍ਰਿਜ ਲਾ ਨੇ ਰਚਿਆ ਹੈ।

ਦੋਹਰਾ- ਸ੍ਰੀ ਗੁਰੁ ਅਰਜਨ ਬਚਨ ਜਬਿ ਸੁਨਜੋ ਸਿੱਖ ਸੁਖਦਾਇ।
ਤਾਂ ਦਿਨ ਤੇ ਘਰ ਸੁਰ ਪੜੈ ਮਿਟਜੋ ਦੂਖ ਕੋ ਭਾਇ॥ ੩੭॥

ਜਦ ਸਾਰੇ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਦਾ ਇਹ ਸੁਖਦਾਇਕ ਬਚਨ ਸੁਣਿਆ ਤਾਂ ਜਿਸ ਸਿੱਖ ਨੂੰ ਪਿੱਛੇ ਭੂ ਚੰਬੜਿਆ ਕਿਹਾ ਸੀ, ਉਹ ਸਿੱਖ ਉਸ ਦਿਨ ਤੋਂ ਸੁਰ ਨਾਲ ਜਪੁਜੀ ਦਾ ਪਾਠ ਕਰਨ ਲੱਗ ਪਿਆ ਤਾਂ ਉਸ ਦਾ ਦੁੱਖ ਮਿ ਗਿਆ॥੩੭॥

ਅਬਿ ਸੁਨੀਏ ਇਕ ਜਪ ਪੜੈ ਸਤਿਗੁਰ ਸਿੱਖ ਕੇ ਸੰਗ।
ਭੁਗਤ ਮੁਕਤਿ ਬਖਸ਼ੀ ਗੁਰੂ ਦਰਗਹਿ ਜਾਹਿ ਨਿਸੰਗ॥ ੩੮॥

ਜਿਹੜਾ ਕੇਵਲ ਇਕ ਜਪੁਜੀ ਸਾਹਿਬ ਦਾ ਪਾਠ ਕਰੇ ਤਾਂ ਗੁਰੂ ਜੀ ਉਸ ਦੇ ਅੰਗ ਸੰਗ ਹੋ ਜਾਂਦੇ ਹਨ। ਗੁਰੂ ਜੀ ਉਸ ਭਗਤੀ ਮੁਕਤੀ ਬਖ਼ਸ਼ਦੇ ਹਨ ਤਾਂ ਉਹ ਨਿਸ਼ੰਗ ਹੋ ਕੇ ਦਰਗਾਹ ਵਿਚ ਜਾਂਦਾ ਹੈ॥੩੮॥

ਸਭਿ ਪ੍ਰਸੰਗ ਕੇ ਅੰਤ ਮਹਿਂ ਕਹਿਂ ਦਸਮੇ ਪਤਸ਼ਾਹੁ।
'ਕਰਜੋ ਨੇਮ ਨਿਤ ਜਪ ਪੜੇ ਸਭਿ ਬਯ ਲਗ ਨਿਰਬਾਹੁ॥ ੩੯॥

ਸਾਰੇ ਪ੍ਰਸੰਗ ਦੇ ਅੰਤ ਵਿਚ ਦਸਵੇਂ ਪਾਤਿਸ਼ਾਹ ਨੇ ਕਿਹਾ, "ਨੇਮ ਬਣਾ ਕੇ ਨਿਤ ਜਪੁਜੀ ਸਾਹਿਬ ਦਾ ਪਾਠ ਕਰੇ ਤੇ ਸਾਰੀ ਉਮਰ ਤੱਕ ਇਸ ਦਾ ਨਿਰਬਾਹ ਕਰੇ॥੩੯॥

ਆਤਮ ਦਰਸੀ ਕੀ ਗਤੀ ਪ੍ਰਾਪਤਿ ਤਿਸ ਕੋ ਹੋਇ।
ਰਹੈ ਸੰਗ ਤਿਹ ਸਤਿਗੁਰੂ ਪਾਇ ਸਹਾਇਕ ਸੋਇ॥ ੪੦॥

ਅਜਿਹੇ ਸਿੱਖ ਨੂੰ ਆਤਮ ਦਰਸੀ ਦੀ ਗਤੀ ਪ੍ਰਾਪਤ ਹੁੰਦੀ ਹੈ, ਗੁਰੂ ਜੀ ਸਦਾ ਉਸ ਦੇ ਅੰਗ ਸੰਗ ਰਹਿਣਗੇ ਤੇ ਸਦਾ ਗੁ ਜੀ ਨੂੰ ਆਪਣਾ ਸਹਾਇਕ ਪਾਵੇਗਾ॥੪੦॥

ਜਿਉਂ ਧੰਨੇ ਕੀ ਧੇਨੁ ਕੋ ਠਾਕਰ ਚਾਰੇ ਨਿੱਤ।
ਕਰਿ ਪ੍ਰਤੀਤ ਨਿਤ ਜਪ ਪੜੇ ਤਿਮ ਤਿਹ ਸਤਿਗੁਰ ਮਿੱਤ॥ ੪੧॥

ਜਿਵੇਂ ਧੰਨੇ ਦੀਆਂ ਗਾਈਆਂ ਨੂੰ ਠਾਕੁਰ ਨਿੱਤ ਚਾਰਦਾ ਸੀ, ਪ੍ਰਤੀਤ ਕਰਕੇ ਜਪੁਜੀ ਸਾਹਿਬ ਦਾ ਪਾਠ ਕਰੇ, ਸਤਿਗੁਰੂ ਤਰ੍ਹਾਂ ਆਪਣੇ ਸਿੱਖ ਦੇ ਮਿੱਤਰ ਬਣ ਜਾਂਦੇ ਹਨ॥੪੧॥

ਪੜੈ ਸੁਨੈ ਚਿਤ ਲਾਇਕੈ ਜੋ ਲਿਖਿ ਦੇਯ ਸਪ੍ਰੀਤ।
ਮਨ ਚਿੰਤਤਿ ਫਲ ਪਾਇਕੈ ਤਰਿ ਹੈ ਸੁਖ ਭੈ ਭੀਤ॥ ੪੨॥

ਜਿਹੜਾ ਚਿੱਤ ਲਾ ਕੇ ਪੜ੍ਹਦਾ ਸੁਣਦਾ ਹੈ ਤੇ ਜਪੁਜੀ ਸਾਹਿਬ ਦੇ ਪਾਠ ਨੂੰ ਲਿਖ ਕੇ ਗੁਟਕੇ ਦੇ ਰੂਪ ਵਿਚ ਅੱਗੇ ਵੰਡਦਾ ਉਹ ਮਨ ਇੱਛਤ ਫਲ ਪਾਵੇਗਾ ਤੇ ਇਸ ਭੈ ਭੀਤ ਸੰਸਾਰ ਤੋਂ ਆਸਾਨੀ ਨਾਲ ਤਰ ਜਾਵੇਗਾ॥੪੨॥

ਭੇਟਾ ਕਰਿ ਉਪਦੇਸ਼ ਗੁਰ ਤਬੀ ਫਲੈ ਗੁਰ ਸਿੱਖ।
ਜਥਾ ਸ਼ਕਤਿ ਜਪ ਕੋ ਜਪੈ ਸਿੱਧ ਹੋਇ ਗੁਰਮੁੱਖ॥ ੪੩॥

ਜਪੁਜੀ ਦਾ ਗੁਰ ਉਪਦੇਸ਼ ਤਦ ਹੀ ਫਲੇਗਾ, ਜੇ ਸਿੱਖ ਜਪੁਜੀ ਦਾ ਪਾਠ ਲਿਖ ਕੇ ਦੂਸਰਿਆਂ ਨੂੰ ਭੇਟ ਕਰੇ। ਜਥਾ ਕਤੀ ਜਪੁਜੀ ਸਾਹਿਬ ਦਾ ਜਾਪ ਕਰੇ ਤਾਂ ਗੁਰਮੁਖ ਸਭ ਸਿੱਧੀਆਂ ਪ੍ਰਾਪਤ ਕਰ ਲਵੇਗਾ॥੪੩॥

'ਆਦਿ ਸੱਚ ਜੁਗਾਦਿ ਸਚ ਹੈ ਭੀ ਸੱਚ ਬਖਾਨ।
'ਨਾਨਕ ਹੋਸੀ ਭੀ ਸੱਚ' ਇਹ ਪੌੜੀ ਪੜਹੁ ਪ੍ਰਮਾਨ' ॥੪੪॥

'ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ' ਸਭ ਕਹੋ, 'ਨਾਨਕ ਹੋਸੀ ਭੀ ਸਚੁ' ॥ ਇਹ ਪੌੜੀ ਪ੍ਰਮਾਣ ਵਾਸਤੇ ਪੜ੍ਹੋ'' ॥੪੪॥

*ਨੋਟ: ਇਹ ਸਲੋਕ ਹੈ, ਪੌੜੀਆਂ ਸੋਚੈ ਸੋਚਿ ਤੋਂ ਆਰੰਭ ਹੁੰਦੀਆਂ ਹਨ।*

ਸਿਰੈ ਮੰਤ੍ਰ ਸਭਿ ਪੌੜੀਅਨਿ ਇਹ ਪੌੜੀ ਲਖਿ ਸਾਰ।
ਅੰਤ ਸਮੈ ਚਲਿਬੇ ਗੁਰੂ ਕੀਨੋ ਇਹੀ ਉਚਾਰ॥ ੪੫॥

ਸਭ ਪੌੜੀਆਂ ਤੋਂ ਸਿਰੇ ਵਾਲਾ ਮੰਤਰ ਤੇ ਇਸ ਸਲੋਕ ਨੂੰ ਸਾਰ ਸਮਝੋ। ਜੋਤੀ ਜੋਤ ਸਮਾਉਣ ਵੇਲੇ ਕਲਗੀਧਰ ਸਤਿਗੁਰੂ ਨੇ ਇਹੀ ਉਚਾਰਨ ਕੀਤਾ ਸੀ॥੪੫॥

ਸੱਤਿਨਾਮ ਸਤਿਗੁਰ ਪ੍ਰਸਾਦਿ ਸਿੱਧ ਮੰਤ੍ਰ ਇਹ ਜਾਨ।
ਰਾਮਕੁਇਰ ਭਾਖੈ ਭਲੇ ਸਾਹਿਬ ਸਿੰਘ! ਸੁਨਿ ਕਾਨ॥ ੪੬॥

੧ੴ ਸਤਿਨਾਮੁ ਤੋਂ ਗੁਰਪ੍ਰਸਾਦਿ ਤੱਕ ਨੂੰ ਸਿੱਧ ਮੰਤਰ ਜਾਣੋ। ਰਾਮਕੁਇਰ ਜੀ ਕਹਿੰਦੇ ਹਨ, ''ਹੇ ਸਾਹਿਬ ਸਿੰਘ! ਨੂੰ ਭਲੀ ਪ੍ਰਕਾਰ ਕੰਨਾਂ ਨਾਲ ਸੁਣੋ॥੪੬॥

ਹਮ ਭੀ ਜਬਿ ਕਬਿ ਜਪਤਿ ਹੈਂ ਇਹੀ ਮੰਤ੍ਰ ਬਰ ਸਾਰ।
ਗੁਰ ਧਰਿਕੈ ਅਵਤਾਰ ਕੋ ਕੀਨੋ ਜਗਤ ਉਧਾਰ॥ ੪੭॥

ਅਸੀਂ ਵੀ ਜਦ ਕਦ ਇਹੀ ਮੰਤਰ ੧ੴ ਤੋਂ ਹੋਸੀ ਭੀ ਸਚੁ ਤੱਕ ਪੜ੍ਹਦੇ ਹਾਂ, ਜਿਹੜਾ ਕਿ ਸ੍ਰੇਸ਼ਟ ਨਿਚੋੜ ਹੈ। ਗੁਰੂ ਜੀ ਅਵਤਾਰ ਧਾਰ ਕੇ ਇਸ ਨਾਲ ਜਗਤ ਦਾ ਉਧਾਰ ਕੀਤਾ ਹੈ॥੪੭॥

ਸਤਿਗੁਰ ਚਲਿਤ ਦਿਖਾਇਆ ਦੇਹ ਧਾਰਿਕੈ ਮੀਤ!।
ਸਭਿ ਦੇਖਾ ਸਤਿਗੁਰ ਚਲਿਤ ਸਿਮਰੈਂ ਅਹਿਨਿਸ ਚੀਤ॥੪੮॥

ਹੇ ਮਿੱਤਰ! ਸਤਿਗੁਰੂ ਜੀ ਨੇ ਦੇਹ ਧਾਰ ਕੇ ਆਪਣਾ ਚਰਿੱਤਰ ਵਿਖਾਇਆ ਹੈ, ਮੈਂ ਉਨ੍ਹਾਂ ਦਾ ਸਾਰਾ ਚਰਿੱਤਰ ਵੇਖਿਆ ਉਹ ਦਿਨ ਰਾਤ ਇਸ ਮੰਤਰ ਦਾ ਸਿਮਰਨ ਕਰਦੇ ਸਨ॥੪੮॥

[redacted]

**ਏਕ ਬਾਰ ਸਤਿਗੁਰ ਕਹ੍ਯੋ 'ਮੰਤ੍ਰ ਜੰਤ੍ਰ ਕਲਿ ਮਾਂਹਿ।**
**ਲੋਗ ਕਰਹਿੰਗੇ ਜਗਤ ਮਹਿਂ ਮੇਰਾ ਸਿੱਖ ਨ ਚਾਹਿ॥ ੪੯ ॥**

ਇਕ ਵਾਰ ਸਤਿਗੁਰੂ ਜੀ ਨੇ ਕਿਹਾ, "ਕਲਿਜੁਗ ਵਿਚ ਜਗਤ ਵਿਚ ਲੋਕ ਜੰਤਰ, ਮੰਤਰ ਕਰਨਗੇ, ਪਰ ਮੇਰਾ ਸਿੱਖ ਜੰਤਰ, ਮੰਤਰ ਕਰਨਾ ਨਹੀਂ ਚਾਹੇਗਾ॥੪੯॥

**ਏਕ ਸਮੈਂ ਮੰਤ੍ਰੀ ਬਹੁਤ ਘਰਿ ਘਰਿ ਬਾਜਹਿ ਬਾਜ।**
**ਜਪ ਤਪ ਨਿਹਚਾ ਨਾ ਰਹੈ ਕਰਿਹੈ ਦੇਖਤ ਸਾਜ॥ ੫੦ ॥**

ਇਕ ਸਮੇਂ ਮੰਤਰਾਂ ਵਾਲੇ ਬਹੁਤ ਇਕੱਠੇ ਹੋ ਜਾਣਗੇ ਤੇ ਘਰ-ਘਰ ਵਿਚ ਮੰਤਰਾਂ ਦੇ ਵਾਜੇ ਵੱਜਣਗੇ, ਮੰਤਰਾਂ ਦਾ ਜੰਤਰ ਤੋਰਾ ਤੁਰੇਗਾ। ਜਪ ਤਪ ਵਿਚ ਨਿਸ਼ਚਾ ਨਹੀਂ ਰਹੇਗਾ ਤੇ ਵਿਖਾਲੇ ਦੇ ਬਨਾਉਟੀ ਪਖੰਡ ਕਰਨ ਲੱਗ ਜਾਣਗੇ॥੫੦॥

**ਜੈਸੀ ਗੁਰ ਕੀ ਭਾਵਨਾ ਤੈਸੀ ਗਤਿ ਹੁਇ ਸ਼ਕਤਿ।**
**ਸ਼ਰਨ ਭਜਹੁ ਸ੍ਰੀ ਰਾਮ ਕੀ ਕਲਿ ਮਹਿਂ ਨਿਹਚਾ ਮੁਕਤਿ॥੫੧॥**

ਜੈਸੀ ਗੁਰੂ ਜੀ ਵਿਚ ਭਾਵਨਾ ਸੀ, ਤੈਸੀ ਸ਼ਕਤੀ ਪ੍ਰਾਪਤ ਹੋਵੇਗੀ। ਵਾਹਿਗੁਰੂ ਜੀ ਦੀ ਸ਼ਰਨ ਫੜੋ, ਜਿਸ ਨਾਲ ਕਲਿਜੁਗ ਵਿਚ ਨਿਸ਼ਚੇ ਨਾਲ ਮੁਕਤੀ ਪ੍ਰਾਪਤ ਹੁੰਦੀ ਹੈ॥੫੧॥

**ਵਾਹਿਗੁਰੂ ਇਹ ਮੰਤ੍ਰ ਜਪੁ ਸਗਲ ਸਰੈਂਗੇ ਕਾਮ।**
**ਸਿੱਖ ਗੁਰੂ ਕੇ ਹਿਤ ਕਰਹੁ ਨਿਤ ਸਵਾਰ ਅਰਾਮ' ॥ ੫੨ ॥**

ਇਸ ਵਾਹਿਗੁਰੂ ਮੰਤਰ ਦਾ ਜਾਪ ਕਰਕੇ ਸਾਰੇ ਕਾਰਜ ਸਰ ਜਾਣਗੇ। ਸਿੱਖ ਹਰ ਸਮੇਂ ਸਵੇਰੇ ਅਤੇ ਰਾਤ ਗੁਰੂ ਜੀ ਦੇ ਹਿਤ ਇਸ ਵਾਹਿਗੁਰੂ ਮੰਤਰ ਦਾ ਜਾਪ ਕਰੇ" ॥੫੨॥

**ਘੋੜਾ ਅਟਕ੍ਯੋ ਚਲਤਿ ਹੀ ਬਡੋ ਜੁੱਧ ਇਕ ਬੇਰ।**
**ਸਤਿਗੁਰ ਬੋਲੇ 'ਮਦਨ ਸਿੰਘ ! ਘੋਰਾ ਘਾਸ ਜੁ ਹੇਰ' ॥੫੩॥**

ਇਕ ਵਾਰ ਯੁੱਧ ਦੇ ਸਮੇਂ ਗੁਰੂ ਜੀ ਦਾ ਘੋੜਾ ਘਾਹ ਖਾਣ ਤੋਂ ਰੁਕ ਗਿਆ। ਸਤਿਗੁਰੂ ਜੀ ਬੋਲੇ, "ਹੇ ਮਦਨ ਸਿੰਘ ਘਾਹੀ ! ਘੋੜੇ ਦਾ ਘਾਹ ਵੇਖੋ" ॥੫੩॥

**ਦੇਖਤਿ ਨਿਕਸ੍ਯੋ ਘਾਹ ਮਹਿਂ ਪਰਾ ਤਮਾਕੂ ਰੰਚ।**
**ਬੋਲੇ ਸਤਿਗੁਰ 'ਪਾਹੁਲੀ ਇਸ ਤੇ ਰਹੈ ਸਕੁੰਚ॥ ੫੪ ॥**

ਜਦ ਮਦਨ ਸਿੰਘ ਨੇ ਘੋੜੇ ਅੱਗੇ ਪਏ ਘਾਹ ਨੂੰ ਵੇਖਿਆ ਤਾਂ ਉਸ ਵਿਚੋਂ ਥੋੜ੍ਹਾ ਜਿਹਾ ਤਮਾਕੂ ਨਿਕਲਿਆ। ਵੇਖ ਕੇ ਗੁਰੂ ਜੀ ਬੋਲੇ, "ਸਾਡਾ ਘੋੜਾ ਅੰਮ੍ਰਿਤਧਾਰੀ ਹੈ, ਇਸ ਕਰਕੇ ਇਸ ਨੇ ਘਾਹ ਖਾਣ ਤੋਂ ਸੰਕੋਚ ਕੀਤਾ ਹੈ॥੫੪

**ਮੇਰੇ ਘੋਰੇ ਘਾਹ ਮਹਿਂ ਦੇਖਿ ਸੰਭਾਰੋ ਸਿੱਖ!।**
**ਦੁਸ਼ਟ ਬੀਜ ਤੁਰਕਨ ਕਰ੍ਯੋ ਹਿੰਦੀ ਤੋਰੀ ਰਿੱਖ॥ ੫੫ ॥**

ਹੇ ਸਿੱਖੋ ! ਮੇਰੇ ਘੋੜੇ ਨੇ ਘਾਹ ਵਿਚ ਤਮਾਕੂ ਵੇਖ ਕੇ ਆਪਣੇ ਆਪ ਨੂੰ ਸੰਭਾਲ ਲਿਆ ਹੈ, ਤੁਰਕਾਂ ਇਹ ਦੁਸ਼ਟ ਬੀਜ ਤਮਾਕੂ ਨੂੰ ਪ੍ਰਚੱਲਤ ਕਰਕੇ ਹਿੰਦੂ ਰਿਸ਼ੀਆਂ ਦੀ ਰਿਸ਼ੀ ਸ਼ਕਤੀ ਤੋੜ ਦਿੱਤੀ ਹੈ॥੫੫॥

**ਹਿੰਦੂ ਹਲ ਕਾਮ ਕਰਤਿ ਹੈ ਤਜੈ ਦੁਸ਼ਟ ਗੁਰਵਾਕ।**
**ਜਹਾਂ ਤਮਾਕੂ ਹੋਤਿ ਹੈ ਸੋ ਖੇਤੀ ਨਾਪਾਕ'॥ ੫੬ ॥**

ਜਿਹੜਾ ਹਿੰਦੂ ਹਲ ਵਾਹੁਣ ਦਾ ਕੰਮ ਕਰਦਾ ਹੈ, ਉਹ ਗੁਰਵਾਕ ਮੰਨ ਕੇ ਦੁਸ਼ਟ ਬੀਜ ਤਮਾਕੂ ਨੂੰ ਬੀਜਣਾ ਛੱਡ ਦੇਵੇ, ਥੇ ਤਮਾਕੂ ਪੈਦਾ ਹੁੰਦਾ ਹੈ, ਉਹ ਖੇਤੀ ਨਾਪਾਕ ਹੈ॥੫੬॥

*ਪੰਜਵੀਂ ਰੁੱਤ ਦਾ ਅਠਾਈਵਾਂ ਅਧਿਆਇ ਸਮਾਪਤ ਹੋਇਆ॥*



ISBN 81-7601-810-4